# भारतीय जीवन बीमा निगम

# LIFE INSURANCE CORPORATION OF INDIA

## प्रधान मंत्री जन धन योजना

## के तहत जन-धन खाताधारकों

## के लिये रु.30,000/- के

## जीवन बीमा सुरक्षा के

## दावा निपटारा हेतु प्रक्रिया

## PRADHAN MANTRI JAN DHAN YOJANA (PMJDY)

### PROCEDUREFOR CLAIM SETTLEMENT

### UNDER LIFE INSURANCE COVER OF

### Rs.30,000/- FOR PMJDY ACCOUNT HOLDER

## ਪ੍ਰਧਾਨ ਮੰਤਰੀ ਜਨ ਧਨ ਯੋਜਨਾ ਦੇ ਤਹਿਤ

## ਬੈਂਕਾਂ ਲਈ ਦਾਅਵੇ ਦੀ ਪ੍ਰੋਸੈਸਿੰਗ ਕਾਰਜਵਿਧੀ

_____________/ਤੱਤ

A. ਜਾਣ-ਪਛਾਣ

B. ਪਰਿਭਾਸ਼ਾਵਾਂ

C. ਸਕੀਮ ਦੇ ਤਹਿਤ ਫਾਇਦੇ

D. ਬੁਨਿਆਦੀ ਪਾਤਰਤਾ ਸ਼ਰਤਾਂ

E. ਅਯੋਗ ਸ਼੍ਰੇਣੀਆਂ

F. ਸਕੀਮ ਤੋਂ ਨਿਕਾਸ

G. ਦਾਅਵਾ ਨਿਪਟਾਨ ਕਾਰਜਵਿਧੀ

H. ਮੌਤ ਦੇ ਦਾਅਵੇ ਦੀ ਖ਼ਬਰ ਪ੍ਰਾਪਤ ਹੋਣ ਉੱਤੇ ਬੈਂਕਾਂ ਦੁਆਰਾ ਪਾਲਣ ਕੀਤੀ ਜਾਣ ਵਾਲੀ ਕਾਰਜਵਿਧੀ

I. ਦਾਅਵੇ ਦੀ ਖ਼ਬਰ ਪ੍ਰਾਪਤ ਹੋਣ ਉੱਤੇ ਐਲ ਆਈ ਸੀ ਦੁਆਰਾ ਪਾਲਣ ਕੀਤੀ ਜਾਣ ਵਾਲੀ ਕਾਰਜਵਿਧੀ।

J. ਅਨੈਕਸਸ਼ਰ ਦੀ ਸੂਚੀ

# ਪੀ ਐਮ ਜੇ ਡੀ ਵਾਈ ਦਾਅਵਾ ਕਾਰਜਵਿਧੀ

## A. ਜਾਣ-ਪਛਾਣ

15 ਅਗਸਤ, 2014 ਨੂੰ ਮਾਣਯੋਗ ਪ੍ਰਧਾਨ ਮੰਤਰੀ ਨੇ ਆਪਣੇ ਸੁਤੰਤਰਤਾ ਦਿਹਾੜੇ ਦੇ ਭਾਸ਼ਣ ਵਿੱਚ ਵਿੱਤੀ ਸਮਾਵੇਸ਼ ਦੇ ਇਕ ਵਿਆਪਕ ਪ੍ਰੋਗਰਾਮ ਦੀ ਘੋਸ਼ਣਾ ਕੀਤੀ ਜੋ ਅਜਿਹੀ ਵੱਡੀ ਸੰਖਿਆ ਵਿੱਚ ਲੋਕਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ ਜੋ ਵਰਤਮਾਨ ਸਮੇਂ ਤੇ ਸ਼ੁਰੂਆਤੀ ਵਿੱਤੀ ਸੇਵਾਵਾਂ ਤੋਂ ਵੀ ਵਾਂਝੇ ਹਨ। ਪ੍ਰਧਾਨ ਮੰਤਰੀ ਜਨ ਧਨ ਯੋਜਨਾ (ਪੀ ਐਮ ਜੇ ਡੀ ਵਾਈ) ਹਰ ਪਰਿਵਾਰ ਲਈ ਇਕ ਬੁਨਿਆਦੀ ਬੈਂਕ ਖਾਤਾ ਪ੍ਰਦਾਨ ਕਰਨ ਲਈ ਸਥਾਪਿਤ ਕੀਤੀ ਗਈ ਹੈ ਜਿਹਨਾਂ ਕੋਲ ਉਦੋਂ ਤੱਕ ਕੋਈ ਖਾਤਾ ਨਹੀਂ ਸੀ। ਬੈਂਕ ਖਾਤਾ ਇਕ ਰੁਪੇ ਡੈਬਿਟ ਕਾਰਡ ਦੇ ਨਾਲ ਆਉਂਦਾ ਹੈ, ਜਿਸ ਦੇ ਨਾਲ 1 ਲੱਖ ਰੁਪਏ ਦਾ ਬਿਲਡ-ਇਨ ਦੁਰਘਟਨਾ-ਸਬੰਧੀ ਕਵਰ ਹੈ।

ਨਵੀਂ ਦਿੱਲੀ ਵਿੱਚ 28.08.14 ਨੂੰ ਪੀ ਐਮ ਜੇ ਡੀ ਵਾਈ ਨੂੰ ਸ਼ੁਰੂ ਕਰਨ ਦੇ ਦੌਰਾਨ, ਮਾਣਯੋਗ ਪ੍ਰਧਾਨ ਮੰਤਰੀ ਨੇ ਉਹਨਾਂ ਸਾਰਿਆਂ ਲਈ ਰੁਪੇ ਕਾਰਡ ਦੇ ਨਾਲ 30,000/- ਦੇ ਜੀਵਨ ਕਵਰ ਦੀ ਘੋਸ਼ਣਾ ਕੀਤੀ ਜੋ 15 ਅਗਸਤ, 2014 ਤੋਂ 26 ਜਨਵਰੀ, 2015 ਤੱਕ ਦੀ ਮਿਆਦ ਦੇ ਦੌਰਾਨ ਪਹਿਲੀ ਵਾਰ ਇਕ ਬੈਂਕ ਖਾਤੇ ਲਈ ਸਬਸਕ੍ਰਾਈਬ ਕਰਦੇ ਹਨ।

ਇਹ 30,000/- ਰੁਪਏ ਦੇ ਜੀਵਨ ਕਵਰ ਨੂੰ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਦੇ ਤਹਿਤ ਜੀਵਨ ਕਵਰ ਵਜੋਂ ਕਿਹਾ ਜਾਂਦਾ ਹੈ, ਜੋ ਮਰ ਚੁੱਕੇ ਵਿਅਕਤੀ ਦੇ ਪਰਿਵਾਰ ਨੂੰ ਕਿਸੇ ਵੀ ਕਾਰਣ ਲਈ ਬੀਮਾ ਕੀਤੇ ਵਿਅਕਤੀ ਦੀ ਮੌਤ ਉੱਤੇ ਇਕ ਜੀਵਨ ਬੀਮਾ ਕਵਰ ਦੇਣ ਦੀ ਲੋੜ ਪੂਰੀ ਕਰੇਗਾ। ਸਕੀਮ ਦਾ ਉਦੇਸ਼ ਉਹਨਾਂ ਪਰਿਵਾਰਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਹੈ ਜੋ ਸਿੱਧਾ ਬੀਮੇ ਦਾ ਖਰਚ ਨਹੀਂ ਝੱਲ ਸਕਦੇ, ਯਾਂਨੀ ਸ਼ਹਿਰੀ ਗਰੀਬ ਅਤੇ ਪੇਂਡੂ ਗਰੀਬ ਜੋ ਕਿਸੇ ਸਮਾਜਕ ਸੁਰੱਖਿਆ ਸਕੀਮ ਦੇ ਤਹਿਤ ਕਵਰ ਨਹੀਂ ਕੀਤੇ ਗਏ ਹਨ।

## B. ਪਰਿਭਾਸ਼ਾਵਾਂ

| | | |
|---|---|---|
| ਪੀ ਐਮ ਜੇ ਡੀ ਵਾਈ | - | ਪ੍ਰਧਾਨ ਮੰਤਰੀ ਜਨ ਧਨ ਯੋਜਨਾ |
| ਐਚ ਓ ਐਫ | - | ਪਰਿਵਾਰ ਦਾ ਮੁੱਖੀ |
| ਰੁਪੇ ਕਾਰਡ | - | ਪੀ ਐਮ ਜੇ ਡੀ ਵਾਈ ਦੇ ਤਹਿਤ ਖੋਲ੍ਹੇ ਗਏ ਬੀ ਐਸ ਬੀ ਡੀ ਏ ਦੇ ਨਾਲ ਬੈਂਕ ਦੁਆਰਾ ਜਾਰੀ ਕੀਤਾ ਡੈਬਿਟ ਕਾਰਡ |
| ਆਧਾਰ ਕਾਰਡ | - | ਯੂਨੀਕ ਆਈਡੇਂਟੀਫਿਕੇਸ਼ਨ ਅਥਾਰਿਟੀ ਔਫ ਇੰਡੀਆ (ਯੂ ਆਈ ਡੀ ਏ ਆਈ) ਦੁਆਰਾ ਜਾਰੀ ਕੀਤਾ ਬਾਯੋ-ਮੈਟਰਿਕ ਕਾਰਡ |
| ਆਈ ਟੀ ਐਕਟ, 1961 | - | ਇਮਕਮ ਟੈਕਸ ਐਕਟ, 1961, ਭਾਰਤੀ ਸਰਕਾਰ |
| ਆਮ ਆਦਮੀ ਬੀਮਾ ਯੋਜਨਾ (ਏ ਏ ਬੀ ਵਾਈ) | - | ਭਾਰਤੀ ਸਰਕਾਰ, ਵਿੱਤ ਮੰਤਰਾਲੇ ਦੀ ਸਮਾਜਕ ਸੁਰੱਖਿਆ ਸਕੀਮ ਜੋ ਮੌਤ ਉੱਤੇ 30,000/- ਰੁਪਏ ਦਾ ਅਤੇ ਦੁਰਘਟਨਾ ਉੱਤੇ 75,000/- ਰੁਪਏ ਦਾ ਜੀਵਨ ਬੀਮਾ ਕਵਰ ਪ੍ਰਦਾਨ ਰਦੀ ਹੈ, ਜੋ ਸਥਾਈ ਅਤੇ ਅੰਸ਼ਕ ਅਪੰਗਤਾ ਫਾਇਦਿਆਂ ਤੋਂ ਅਲਾਵਾ ਹੈ। |

| | | |
|---|---|---|
| ਏ ਏ ਬੀ ਵਾਈ ਦੇ 48 ਪੇਸ਼ੇ | - | ਏ ਏ ਬੀ ਵਾਈ ਜੀਵਨ ਬੀਮਾ ਕਵਰ ਅਨੈਕਸਸ਼ਰ ਏ ਵਿੱਚ ਦਿੱਤੇ ਗਏ ਮੁਤਾਬਕ ਸੂਚੀ ਵਿੱਚ ਲਿਖੇ 48 ਪੇਸ਼ਿਆਂ ਨਾਲ ਸਬੰਧ ਰੱਖਦੇ ਵਿਅਕਤੀਆਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ। |
| ਬੁਨਿਆਦੀ ਪਾਤਰਤਾ ਸ਼ਰਤਾਂ | - | ਪੀ ਐਮ ਜੇ ਡੀ ਵਾਈ ਦੇ ਤਹਿਤ ਫਇਦਿਆਂ ਲਈ ਪਾਤਰ ਬਣਨ ਵਾਸਤੇ ਕਿਸੇ ਵਿਅਕਤੀ ਦੁਆਰਾ ਲਾਜ਼ਮੀ ਤੌਰ ਤੇ ਪੂਰੀਆਂ ਕੀਤੀਆਂ ਜਾਣ ਵਾਲੀਆਂ ਸ਼ਰਤਾਂ |
| ਏ ਪੀ ਬੀ ਐਸ | - | ਆਧਾਰ ਪੇਮੈਂਟਸ ਬ੍ਰਿੱਜ ਸਿਸਟਮ |
| ਬਾਯੋ-ਮੈਟਰਿਕ ਕਾਰਡ | - | ਆਧਾਰ ਕਾਰਡ ਜਾਂ ਢੁਕਵੇਂ ਅਧਿਕਾਰੀ ਦੁਆਰਾ ਜਾਰੀ ਕੋਈ ਕਾਰਡ ਜੋ ਪੀ ਐਮ ਜੇ ਡੀ ਵਾਈ ਦੇ ਤਹਿਤ ਇਕ ਬੀ ਐਸ ਬੀ ਡੀ ਏ ਖਾਤਾ ਖੋਲ੍ਹਣ ਲਈ ਬੈਂਕ ਵਾਸਤੇ ਸਵੀਕਾਰਯੋਗ ਹੁੰਦਾ ਹੈ। |

C. <u>ਸਕੀਮ ਦੇ ਤਹਿਤ ਫਾਇਦੇ</u>

ਸਕੀਮ ਕਿਸੇ ਵੀ ਕਾਰਣ ਕਰਕੇ ਲਾਭਾਰਥੀ ਦੀ ਮੌਤ ਉੱਤੇ ਦੇਣਯੋਗ 30,000/- ਰੁਪਏ ਦੇ ਜੀਵਨ ਕਵਰ ਨੂੰ ਪ੍ਰਦਾਨ ਕਰਦੀ ਹੈ, ਜੋ ਪਾਤਰਤਾ ਸ਼ਰਤਾਂ ਦੇ ਪੂਰੇ ਹੋਣ ਦੇ ਅਧੀਨ ਹੈ:

D. <u>ਬੁਨਿਆਦੀ ਪਾਤਰਤਾ ਸ਼ਰਤਾਂ</u>

i. 15-08-14 ਤੋਂ 26-01-15 ਤੱਕ, ਜਾਂ ਕੋਈ ਵਾਧੂ ਮਿਆਦ ਜੋ ਭਾਰਤੀ ਸਰਕਾਰ ਦੁਆਰਾ ਹੋਰ ਵਧਾਈ ਜਾ ਸਕਦੀ ਹੈ, ਦੇ ਦੌਰਾਨ ਵਾਧੂ ਤੌਰ ਤੇ ਰੂਪੇ ਕਾਰਡ ਦੇ ਨਾਲ ਪਹਿਲੀ ਵਾਰ ਬੈਂਕ ਖਾਤਾ ਖੋਲ੍ਹ ਰਹੇ ਵਿਅਕਤੀ।

ii. ਵਿਅਕਤੀ ਸਾਧਾਰਨ ਤੌਰ ਤੇ ਪਰਿਵਾਰ ਮੁੱਖੀ ਜਾਂ ਪਰਿਵਾਰ ਦਾ ਕਮਾਉਣ ਵਾਲਾ ਸਦੱਸ ਹੋਣਾ ਚਾਹੀਦਾ ਹੈ ਅਤੇ 18 ਤੋਂ 59 ਸਾਲ ਦੇ ਉਮਰ ਸਮੂਹ ਵਿੱਚ ਹੋਣਾ ਚਾਹੀਦਾ ਹੈ (ਯਾਂਨੀ, ਵਿਅਕਤੀ ਦੀ ਉਮਰ ਘੱਟੋ-ਘੱਟ 18 ਸਾਲ ਹੋਣੀ ਚਾਹੀਦੀ ਹੈ, ਅਤੇ ਉਹ 60 ਸਾਲ ਦਾ ਨਹੀਂ ਹੋਇਆ ਹੋਣਾ ਚਾਹੀਦਾ)। ਜੇ ਪਰਿਵਾਰ ਦਾ ਮੁੱਖੀ 60 ਸਾਲ ਦੀ ਉਮਰ ਦਾ ਜਾਂ ਵੱਡਾ ਹੈ ਤਾਂ ਉੱਪਰ ਉਲੇਖ ਕੀਤੇ ਉਮਰ ਸਮੂਹ ਵਿੱਚ ਪਰਿਵਾਰ ਦੇ ਦੂਜੇ ਕਮਾਉਣ ਵਾਲੇ ਵਿਅਕਤੀ ਨੂੰ ਕਵਰ ਕੀਤਾ ਜਾਵੇਗਾ, ਜੋ ਪਾਤਰਤਾ ਦੇ ਅਧੀਨ ਹੈ।

iii. ਵਿਅਕਤੀ ਕੋਲ ਬੈਂਕ ਖਾਤੇ ਦੇ ਨਾਲ ਜੁੜਿਆ ਇਕ ਰੂਪੇ ਕਾਰਡ ਅਤੇ ਬਾਯੋ – ਮੈਟਰਿਕ ਕਾਰਡ ਹੋਣਾ ਲਾਜ਼ਮੀ ਹੈ ਜਾਂ ਇਸਦਾ ਬੈਂਕ ਖਾਤੇ ਦੇ ਨਾਲ ਜੋੜੇ ਜਾਣ ਦੀ ਕਿਰਿਆ ਵਿੱਚ ਹੋਣਾ ਲਾਜ਼ਮੀ ਹੈ ਜੇ ਪਹਿਲਾਂ ਤੋਂ ਉੱਥੇ ਨਹੀਂ ਹੈ।

iv. ਖਾਤਾ ਇਕ ਛੋਟੇ ਖਾਤੇ ਸਮੇਤ, ਕੋਈ ਵੀ ਬੈਂਕ ਖਾਤਾ ਹੋ ਸਕਦਾ ਹੈ।

v. ਕਵਰੇਜ ਦੇ ਪ੍ਰਭਾਵੀ ਹੋਣ ਲਈ, ਉਪਰੋਕਤ ਰੂਪੇ ਕਾਰਡ ਵੈਧ ਹੋਣਾ ਚਾਹੀਦਾ ਹੈ ਅਤੇ ਸਦੱਸ ਦੀ ਮੌਤ ਦੇ ਸਮੇਂ ਤੇ ਲਾਗੂ ਹੋਣਾ ਚਾਹੀਦਾ ਹੈ

vi. ਪਰਿਵਾਰ ਵਿੱਚ ਸਿਰਫ਼ ਇਕ ਵਿਅਕਤੀ ਨੂੰ ਬੀਮਾ ਸਕੀਮ ਵਿੱਚ ਕਵਰ ਕੀਤਾ ਜਾਵੇਗਾ ਅਤੇ ਜੇਕਰ ਵਿਅਕਤੀ ਕੋਲ ਇਕ ਤੋਂ ਵੱਧ ਕਾਰਡ / ਖਾਤੇ ਹੁੰਦੇ ਹਨ ਤਾਂ ਫਾਇਦੇ ਦੀ ਇਜਾਜ਼ਤ ਸਿਰਫ਼ ਇਕ ਖਾਤੇ ਤਹਿਤ ਦਿੱਤੀ ਜਾਵੇਗੀ, ਯਾਂਨੀ ਹਰ ਪਰਿਵਾਰ ਵਿੱਚੋਂ ਇਕ ਵਿਅਕਤੀ, ਪਾਤਰਤਾ ਸ਼ਰਤਾਂ ਦੇ ਅਧੀਨ 30,000/- ਰੁਪਏ ਦਾ ਇਕ ਏਕਲ ਕਵਰ ਪ੍ਰਾਪਤ ਕਰੇਗਾ, ਜੋ ਪਾਤਰਤਾ ਸ਼ਰਤਾਂ ਦੇ ਅਧੀਨ ਹੈ।

vii. ਸਕੀਮ ਦੇ ਤਹਿਤ 30,000/- ਰੁਪਏ ਦਾ ਜੀਵਨ ਕਵਰ ਸ਼ੁਰੂ ਵਿੱਚ 5 ਸਾਲਾਂ ਦੀ ਮਿਆਦ ਲਈ ਹੋਵੇਗਾ, ਯਾਂਨੀ, ਵਿੱਤੀ ਸਾਲ 2019-20 ਦੇ ਅੰਤ ਤੱਕ। ਉਸ ਤੋਂ ਬਾਅਦ, ਸਕੀਮ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਬੀਮਤ ਵਿਅਕਤੀ ਦੁਆਰਾ ਪ੍ਰੀਮੀਅਮ ਦੇ ਭਵਿੱਖੀ ਭੁਗਤਾਨ ਨੂੰ ਜਾਰੀ ਕਰਨ ਸਮੇਤ, ਇਸ ਦੇ ਜਾਰੀ ਰਹਿਣ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਉਸ ਤੋਂ ਬਾਅਦ ਉਚਿਤ ਤੌਰ ਤੇ ਤੈਅ ਕੀਤਾ ਜਾਵੇਗਾ।

viii. ਜੇਕਰ ਪੀ ਐਮ ਜੇ ਡੀ ਵਾਈ ਖਾਤਾ ਸਾਂਝੇ ਤੌਰ ਤੇ ਰੱਖਿਆ ਜਾਂਦਾ ਹੈ ਤਾਂ ਪਹਿਲਾ ਖਾਤਾ ਧਾਰਕ, ਯਾਂਨੀ ਪ੍ਰਮੁੱਖ ਖਾਤਾ ਧਾਰਕ ਪਾਤਰਤਾ ਸ਼ਰਤਾਂ ਦੇ ਅਧੀਨ ਕਵਰ ਲਈ ਯੋਗ ਬਣੇਗਾ।

E. <u>ਅਯੋਗ ਸ਼੍ਰੇਣੀਆਂ</u>

i. ਕੇਂਦਰੀ ਸਰਕਾਰ ਅਤੇ ਪ੍ਰਦੇਸ਼ੀ ਸਰਕਾਰ ਦੇ ਕਰਮਚਾਰੀ (ਸੇਵਾ ਵਿੱਚ ਜਾਂ ਰੀਟਾਈਰ ਹੋਏ) ਅਤੇ ਉਹਨਾਂ ਦੇ ਪਰਿਵਾਰ।

ii. ਪਬਲਿਕ ਸੈਕਟਰ ਕੰਪਨੀਆਂ, ਪਬਲਿਕ ਸੈਕਟਰ ਬੈਂਕਾਂ, ਕੇਂਦਰੀ ਸਰਕਾਰ ਦੁਆਰਾ ਮਾਲਕੀ ਵਾਲੀ ਕੋਈ ਕੰਪਨੀ, ਪ੍ਰਦੇਸ਼ੀ ਸਰਕਾਰ ਦੁਆਰਾ ਮਾਲਕੀ ਵਾਲੀ ਕੋਈ ਕੰਪਨੀ ਜਾਂ ਕੇਂਦਰੀ ਸਰਕਾਰ ਅਤੇ ਕਿਸੇ ਪ੍ਰਦੇਸ਼ੀ ਸਰਕਾਰ ਦੁਆਰਾ ਸਾਂਝੇ ਤੌਰ ਤੇ ਮਾਲਕੀ ਵਾਲੀ ਕਿਸੇ ਕੰਪਨੀ ਦੇ ਕਰਮਚਾਰੀ (ਸੇਵਾ ਵਿੱਚ ਜਾਂ ਰੀਟਾਈਰ ਹੋਏ), ਅਤੇ ਉਹਨਾਂ ਦੇ ਪਰਿਵਾਰ।

iii. ਜਿਹੜੇ ਵਿਅਕਤੀਆਂ ਦੀ ਆਮਦਨੀ ਨੂੰ ਆਈ.ਟੀ. ਐਕਟ, 1961 ਦੇ ਤਹਿਤ ਟੈਕਸ ਲੱਗ ਸਕਦਾ ਹੈ ਜਾਂ ਸਾਲਾਨਾ ਇਮਕਮ ਟੈਕਸ ਰਿਟਰਨ ਫਾਈਲ ਕਰ ਰਹੇ ਹਨ ਜਾਂ ਜਿਹਨਾਂ ਦੇ ਮਾਮਲੇ ਵਿੱਚ ਟੀ ਡੀ ਐਸ ਨੂੰ ਸੋਰਸ ਵਿੱਚੋਂ ਘਟਾਇਆ ਜਾ ਰਿਹਾ ਹੈ, ਅਤੇ ਉਹਨਾਂ ਦੇ ਪਰਿਵਾਰ।

iv. 48 ਪੇਸ਼ਿਆਂ ਨੂੰ ਕਵਰ ਕਰ ਰਹੀ ਆਮ ਆਦਮੀ ਬੀਮਾ ਯੋਜਨਾ ਵਿੱਚ ਸ਼ਾਮਲ ਲੋਕਾਂ, ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸਕੀਮ ਦੇ ਤਹਿਤ ਪਰਿਭਾਸ਼ਿਤ ਕੀਤਾ ਜਾਂਦਾ ਹੈ।

v. ਹੋਰ ਤਰੀਕੇ ਵਿੱਚ ਪਾਤਰ ਖਾਤਾ ਧਾਰਕ, ਜਿਹਨਾਂ ਕੋਲ ਖਾਤੇ ਦੇ ਵੱਲ ਬੈਂਕ ਦੀ ਕਿਸੇ ਹੋਰ ਸਕੀਮ ਨਾਲ ਸਬੰਧਤ ਜੀਵਨ ਕਵਰ ਹੁੰਦਾ ਹੈ, ਉਹਨਾਂ ਨੂੰ ਦੋ ਸਕੀਮਾਂ ਵਿੱਚਕਾਰ ਚੋਣ ਕਰਨੀ ਹੋਵੇਗੀ, ਅਤੇ ਸਿਰਫ਼ ਇਕ ਤੋਂ ਫਾਇਦਾ ਲੈਣਾ ਹੋਵੇਗਾ।

vi. ਸਾਰੇ ਵਿਅਕਤੀ ਜੋ ਸਕੀਮ ਦੀਆਂ ਬੁਨਿਯਾਦੀ ਪਾਤਰਤਾ ਸ਼ਰਤਾਂ ਨੂੰ ਪੂਰਾ ਨਹੀਂ ਕਰਦੇ।

F. <u>ਸਕੀਮ ਤੋਂ ਨਿਕਾਸ</u>

ਵਿਅਕਤੀ 60 ਸਾਲ ਦੀ ਉਮਰ ਪੂਰੀ ਕਰਨ ਉੱਤੇ ਸਕੀਮ ਤੋਂ ਬਾਹਰ ਨਿਕਲ ਜਾਵੇਗਾ, ਯਾਂਨੀ ਉਸ ਦਿਨ ਜਦੋਂ ਵਿਅਕਤੀ 60 ਸਾਲ ਦੀ ਉਮਰ ਪੂਰੀ ਕਰ ਲੈਂਦਾ ਹੈ ਜਾਂ ਸਕੀਮ ਦੀ ਸਮਾਪਤੀ ਹੁੰਦੀ ਹੈ, ਜੋ ਵੀ ਪਹਿਲੇ ਹੋਵੇ।

G. <u>ਦਾਅਵਾ ਨਿਪਟਾਨ ਕਾਰਜਵਿਧੀ</u>

a) 30,000/- ਰੁਪਏ ਦੀ ਦਾਅਵਾ ਰਕਮ ਖਾਤਾ ਧਾਰਕ ਦੇ ਨਾਮਜ਼ਦ ਵਿਅਕਤੀ(ਆਂ) / ਕਾਨੂੰਨੀ ਵਾਰਸਾਂ ਨੂੰ ਦੇਣਯੋਗ ਹੁੰਦੀ ਹੈ। ਵਿਅਕਤੀ ਨੂੰ ਆਪਣੀ 18 ਸਾਲ (ਪੂਰੀ ਕੀਤੀ) ਦੀ ਉਮਰ ਤੋਂ ਆਪਣੀ 60 ਸਾਲ ਦੀ ਉਮਰ ਪੂਰੀ ਕਰ ਲੈਣ ਤੱਕ ਜੋਖਮ ਕਵਰ ਪ੍ਰਦਾਨ ਕੀਤਾ ਜਾਵੇਗਾ, ਯਾਂਨੀ ਪਾਤਰਤਾ 60 ਸਾਲ ਪੂਰੇ ਹੋਣ ਤੇ ਖਤਮ ਹੋ ਜਾਵੇਗੀ ਅਤੇ ਉਹ ਉਸ ਦਿਨ ਤੋਂ ਸਕੀਮ ਤੋਂ ਬਾਹਰ ਹੋ ਜਾਵੇਗਾ / ਜਾਵੇਗੀ ਜਿਸ ਦਿਨ ਉਹ 60 ਸਾਲ ਦੀ ਉਮਰ ਪੂਰੀ ਕਰਦਾ / ਕਰਦੀ ਹੈ..

b) 30,000/- ਰੁਪਏ ਦਾ ਮੌਤ ਦਾਅਵਾ ਫਾਇਦਾ ਐਲ ਆਈ ਸੀ ਦੇ ਮਨੋਨੀਤ ਕੀਤੀ ਪੈਂਸ਼ਨ ਅਤੇ ਗਰੁੱਪ ਸਕੀਮ (ਪੀ ਅਤੇ ਜੀ ਐਸ) ਦਫਤਰ ਦੁਆਰਾ ਨਿਪਟਾਇਆ ਜਾਵੇਗਾ। ਪਾਲਣ ਕੀਤੀ ਜਾਣ ਵਾਲੀ ਕਿਰਿਆ ਹੇਠਾਂ ਮੁਤਾਬਕ ਹੋਵੇਗੀ:

i. ਅਨੈਕਸਸ਼ਰ ਏ ਦੇ ਮੁਤਾਬਕ ਦਾਅਵਾ ਕਾਗਜ਼ਾਂ ਨੂੰ ਸਬੰਧਤ ਬੈਂਕ ਦੀ ਜ਼ਿਲਾ ਸ਼ਾਖਾ / ਨੋਡਲ ਸ਼ਾਖਾ ਦੁਆਰਾ ਐਲ ਆਈ ਸੀ ਦੇ ਨੇੜਲੇ ਪੈਂਸ਼ਨ ਅਤੇ ਗਰੁੱਪ ਸਕੀਮ ਯੂਨਿਟ (ਪੀ ਅਤੇ ਜੀ ਐਸ) ਕੋਲ ਦਾਅਵਿਆਂ ਦੀ ਪ੍ਰੋਸੈਸਿੰਗ ਕਰਨ ਦੇ ਉਦੇਸ਼ ਲਈ ਦਰਜ ਕੀਤਾ ਜਾਵੇਗਾ। ਪੀ ਅਤੇ ਜੀ ਐਸ ਯੂਨਿਟਸ ਦੀ ਇਕ ਸੂਚੀ ਅਨੈਕਸਸ਼ਰ ਡੀ ਦੇ ਮੁਤਾਬਕ ਨੱਥੀ ਹੈ।

ii. ਦਾਅਵੇ ਦਾ ਭੁਗਤਾਨ ਨਾਮਜ਼ਦ ਵਿਅਕਤੀ ਨੂੰ ਕੀਤਾ ਜਾਵੇਗਾ ਜੋ ਬੈਂਕ ਖਾਤੇ ਵਿੱਚ ਨਾਮਜ਼ਦ ਵਿਅਕਤੀ ਹੈ। ਨਾਮਜ਼ਦਗੀ ਨਾ ਹੋਣ ਵਿੱਚ, ਜਾਂ ਜੇ ਨਾਮਜ਼ਦ ਵਿਅਕਤੀ ਪਹਿਲੇ ਹੀ ਬੀਮਾ ਨੰਬਰ ਨੂੰ ਪਾਰ ਕਰ ਲੈਂਦਾ ਹੈ ਜਾਂ ਜੇ ਨਾਮਜ਼ਦ ਵਿਅਕਤੀ ਪਤਨੀ/ਪਤੀ, ਬੱਚਾ ਜਾਂ ਮਾਤਾ-ਪਿਤਾ ਨਹੀਂ ਹੈ, ਤਾਂ ਖਾਤਾ ਧਾਰਕ ਦੇ ਕਾਨੂੰਨੀ ਵਾਰਸਾਂ ਨੂੰ ਐਲ ਆਈ ਸੀ ਦੇ ਦੱਸੇ ਗਏ ਫਾਰਮੇਟ (ਅਨੈਕਸਸ਼ਰ ਸੀ1 ਅਤੇ ਸੀ2 ਵਿੱਚ ਦਿੱਤਾ ਗਿਆ) ਵਿੱਚ ਲੀਗਲ ਏਵੀਡੈਂਸ ਔਫ ਟਾਈਟਲ ਦਾ ਪ੍ਰਬੰਧ ਕਰਨ ਲਈ ਹਰਜਾਨਾ ਬੌਂਡ ਦਰਜ ਕਰਨਾ ਚਾਹੀਦਾ ਹੈ।

iii. ਦਾਅਵੇ ਦੀ ਰਕਮ ਨਾਮਜ਼ਦ ਵਿਅਕਤੀ(ਆਂ) / ਕਾਨੂੰਨੀ ਵਾਰਸਾਂ ਦੇ ਬੈਂਕ ਖਾਤੇ ਵਿੱਚ ਏ ਪੀ ਬੀ ਐਸ ਦੇ ਜ਼ਰੀਏ ਕ੍ਰੈਡਿਟ ਕੀਤੀ ਜਾਵੇਗੀ, ਯਾਂਨੀ ਰਕਮ ਆਧਾਰ ਕਾਰਡ ਨੰਬਰ ਨਾਲ ਜੁੜੇ ਖਾਤੇ ਵਿੱਚ ਕ੍ਰੈਡਿਟ ਕਰ ਦਿੱਤੀ ਜਾਵੇਗੀ।

iv. ਉਸ ਮਾਮਲੇ ਵਿੱਚ ਜਦੋਂ ਦਾਅਵੇ ਦਾ ਫਾਰਮ ਸਿੱਧੇ ਤੌਰ ਤੇ ਦਾਅਵੇਦਾਰ ਦੁਆਰਾ ਕਿਸੇ ਐਲ ਆਈ ਸੀ ਦਫ਼ਤਰ ਵਿੱਚ ਦਰਜ ਕੀਤਾ ਜਾਂਦਾ ਹੈ ਤਾਂ ਐਲ ਆਈ ਸੀ ਦਫ਼ਤਰ ਸਬੰਧਤ ਬੈਂਕ ਤੋਂ ਜ਼ਰੂਰੀ ਤਸਦੀਕੀ ਆਦਿ ਕਰਵਾਉਣ ਲਈ ਇਸਨੂੰ ਤੁਰੰਤ ਮਰੇ ਖਾਤਾ ਧਾਰਕ ਦੇ ਸਬੰਧਤ ਬੈਂਕ ਨੂੰ ਅੱਗੇ ਭੇਜ ਦਏਗਾ। ਸਬੰਧਤ ਬੈਂਕ ਦੀ ਸ਼ਾਖਾ ਦਾਅਵਾ ਫਾਰਮ ਨੂੰ ਦਾਅਵੇ ਦੀ ਪ੍ਰੋਸੈਸਿੰਗ ਵਾਸਤੇ ਐਲ ਆਈ ਸੀ ਦੇ ਨਜ਼ਦੀਕੀ ਪੀ ਐਂਡ ਜੀ ਐਸ ਯੂਨਿਟ ਨੂੰ ਅੱਗੇ ਭੇਜ ਦਏਗੀ।

H. <u>ਮੌਤ ਦੇ ਦਾਅਵੇ ਦੀ ਖ਼ਬਰ ਪ੍ਰਾਪਤ ਹੋਣ ਉੱਤੇ ਬੈਂਕਾਂ ਦੁਆਰਾ ਪਾਲਣ ਕੀਤੀ ਜਾਣ ਵਾਲੀ ਕਾਰਜਵਿਧੀ</u>

ਬੈਂਕ ਦੀ ਸਬੰਧਤ ਸ਼ਾਖਾ ਜਿੱਥੇ ਪੀ ਐਮ ਜੇ ਡੀ ਵਾਈ ਬਚਤ ਖਾਤਾ ਸ਼ੁਰੂ ਵਿੱਚ ਖੋਲ੍ਹਿਆ ਗਿਆ ਸੀ, ਉਸਨੂੰ ਐਲ ਆਈ ਸੀ ਦੇ ਨਾਲ ਦਾਅਵਾ ਦਾਇਰ ਕਰਨਾ ਹੁੰਦਾ ਹੈ। ਦਾਅਵੇ ਨੂੰ ਦਾਇਰ ਕਰਨ ਦੌਰਾਨ, ਅੱਗੇ ਭੇਜਣ ਵਾਲੇ ਬੈਂਕ ਦੀ ਸ਼ਾਖਾ ਪਾਤਰਤਾ ਸ਼ਰਤਾਂ ਉੱਤੇ ਆਧਾਰਿਤ ਸਿੱਧੇ ਤੌਰ ਤੇ ਮੁਆਇਨਾ ਕਰੇਗੀ ਕੀ ਦਾਅਵਾ ਭੁਗਤਾਨ ਯੋਗ ਹੈ ਜਾਂ ਨਹੀਂ ਹੈ। ਇਸ ਉਦੇਸ਼ ਲਈ, ਹੇਠ ਲਿਖੇ ਦਸਤਾਵੇਜ਼ ਮੰਗਾਉਣ ਦੀ ਲੋੜ ਹੋਵੇਗੀ:-

1. ਮਰ ਚੁੱਕੇ ਸਦੱਸ ਦੇ ਮੌਤ ਸਰਟੀਫਿਕੇਟ ਦੀ ਤਸਦੀਕ ਕੀਤੀ ਨਕਲ।

2. ਮਰ ਚੁੱਕੇ ਵਿਅਕਤੀ ਦੇ ਆਧਾਰ ਕਾਰਡ ਦੀ ਨਕਲ ਤਾਂ ਜੋ ਮੌਤ ਦੀ ਮਿਤੀ ਨੂੰ ਖਾਤਾ ਧਾਰਕ ਦੀ ਉਮਰ ਤੈਅ ਕੀਤੀ ਜਾਵੇ। ਜੇ ਆਧਾਰ ਕਾਰਡ ਜਾਰੀ ਨਹੀਂ ਕੀਤਾ ਗਿਆ ਹੈ ਤਾਂ ਹੇਠ ਲਿਖੇ ਉਮਰ ਸਬੂਤ ਵਿੱਚੋਂ ਕਿਸੇ ਇਕ ਦੀ ਨਕਲ ਮੰਗਾਈ ਜਾ ਸਕਦੀ ਹੈ :-

a) ਜਨਮ ਰਜਿਸਟਰ ਤੋਂ ਕੱਢੀ ਜਾਣਕਾਰੀ

b) ਸਕੂਲ ਸਰਟੀਫਿਕੇਟ ਤੋਂ ਕੱਢੀ ਜਾਣਕਾਰੀ

c) ਰਾਸ਼ਨ ਕਾਰਡ

d) ਵੋਟਰ ਦਾ ਪਛਾਣ ਕਾਰਡ

ਜੇ ਮਰ ਚੁੱਕਾ ਵਿਅਕਤੀ ਮੌਤ ਦੀ ਮਿਤੀ ਤੋਂ ਪਹਿਲੇ 60 ਸਾਲ ਦੀ ਉਮਰ ਪੂਰੀ ਕਰ ਲੈਂਦਾ ਹੈ ਤਾਂ ਵਿਅਕਤੀ ਲਈ ਜੀਵਨ ਬੀਮਾ ਫਾਇਦਾ ਉਪਲਬਧ ਨਹੀਂ ਹੋਵੇਗਾ। ਇਸ ਤਰ੍ਹਾਂ, ਮੌਤ ਦੀ ਮਿਤੀ ਨੂੰ ਉਮਰ ਦੀ ਮਹੱਤਤਾ ਮੰਨੀ ਜਾਂਦੀ ਹੈ।

3. ਵੈਧਤਾ ਦੀ ਤਸਦੀਕੀ ਅਤੇ ਰੂਪੇ ਕਾਰਡ ਦੀ ਲਾਗੂ ਸਥਿਤੀ ( ਇਹ ਜਾਂਚ ਕਰਨੀ ਹੈ ਕੀ ਰੂਪੇ ਕਾਰਡ ਬਲੌਕ ਹੋਇਆ ਹੈ ਜਾਂ ਨਹੀਂ)।

4. ਮਰੇ ਹੋਏ ਵਿਅਕਤੀ ਦੇ ਬੀ ਪੀ ਐਲ ਜਾਂ ਰਾਸ਼ਨ ਕਾਰਡ ਦੀ ਮਦਦ ਨਾਲ 'ਪਰਿਵਾਰ ਦੇ ਮੁੱਖੀ' ਦੀ ਸਥਿਤੀ ਦੀ ਤਸਦੀਕੀ ਅਤੇ ਨਾਲ ਹੀ, ਕੀ ਵਿਅਕਤੀ ਪਰਿਵਾਰ ਦਾ ਕਮਾਈ ਕਰਨ ਵਾਲਾ ਸਦੱਸ ਹੈ।

5. ਇਹ ਤਸਦੀਕ ਕਰਨਾ ਕਿ ਕੀ ਮਰ ਚੁੱਕਿਆ ਵਿਅਕਤੀ ਪੈਰਾਗ੍ਰਾਫ ਈ ਵਿੱਚ ਦਿੱਤੀਆਂ ਅਯੋਗਤਾ ਸ਼ਰਤਾਂ ਦੇ ਮੁਤਾਬਕ ਪਾਤਰ ਨਹੀਂ ਹੈ।

6. ਇਹ ਤਸਦੀਕ ਕਰਨਾ ਕਿ ਕੀ ਮਰ ਚੁੱਕਿਆ ਵਿਅਕਤੀ ਖਾਤੇ ਵੱਲ ਬੈਂਕ ਦੀ ਕਿਸੇ ਹੋਰ ਜੀਵਨ ਬੀਮਾ ਕਵਰ ਦੇ ਤਹਿਤ ਕਵਰ ਹੋਇਆ ਹੈ ਕਿਉਂਕਿ ਫਾਇਦਾ ਸਿਰਫ਼ ਕਿਸੇ ਇਕ ਸਕੀਮ ਦੇ ਤਹਿਤ ਪ੍ਰਦਾਨ ਕੀਤਾ ਜਾਵੇਗਾ।

7. ਪੀ ਐਮ ਜੇ ਡੀ ਵਾਈ ਦੇ ਤਹਿਤ ਸਾਂਝੇ ਖਾਤਾ ਧਾਰਕਾਂ ਦੇ ਮਾਮਲੇ ਵਿੱਚ, ਪਹਿਲੇ ਖਾਤਾ ਧਾਰਕ (ਪ੍ਰਾਈਮਰੀ ਖਾਤਾ ਧਾਰਕ) ਨੂੰ ਪਾਤਰਤਾ ਸ਼ਰਤਾਂ ਦੇ ਅਧੀਨ ਜੀਵਨ ਬੀਮਾ ਕਵਰ ਪ੍ਰਦਾਨ ਕੀਤਾ ਜਾਵੇਗਾ।

8. ਵਾਜਬੀ ਤੌਰ ਤੇ ਭਰਿਆ ਗਿਆ ਦਾਅਵਾ ਫਾਰਮ-ਕਮ-ਡਿਸਚਾਰਜ ਰਸੀਦ (ਜਿਵੇਂ ਅਨੈਕਸਸ਼ਰ ਬੀ ਵਿੱਚ ਦਿੱਤਾ ਗਿਆ ਹੈ) :– ਦਾਅਵਾ ਫਾਰਮ ਦੇ ਪਾਰਟ ਏ ਨੂੰ ਨਾਮਜ਼ਦ ਵਿਅਕਤੀ / ਕਾਨੂੰਨੀ ਵਾਰਿਸ / ਦਾਅਵੇਦਾਰ ਦੁਆਰਾ ਪੂਰਾ ਕੀਤਾ ਜਾਣਾ ਹੁੰਦਾ ਹੈ। ਬੈਂਕ ਦੇ ਅਧਿਕਾਰਤ ਅਫ਼ਸਰ ਨੂੰ ਪਾਰਟ ਬੀ ਭਰਣਾ ਹੁੰਦਾ ਹੈ। ਅਫਸਰ ਨੂੰ ਪਾਰਟ ਸੀ ਵਿਖੇ ਦਾਅਵੇਦਾਰ ਦੇ ਹਸਤਾਖਰ ਦੀ ਗਵਾਹੀ ਦੇਣੀ ਹੁੰਦੀ ਹੈ। ਦਾਅਵਾ ਫਾਰਮ ਉੱਤੇ ਢੁਕਵੀਆਂ ਥਾਂਵਾਂ ਤੇ ਬੈਂਕ ਦੀ ਸੀਲ ਲਗਾਈ ਜਾਣੀ ਚਾਹੀਦੀ ਹੈ। ਨਾਮਜ਼ਦਗੀ ਨਾ ਹੋਣ ਵਿੱਚ, ਜਾਂ ਜੇ ਨਾਮਜ਼ਦ ਵਿਅਕਤੀ ਪਹਿਲੇ ਹੀ ਬੀਮਾ ਨੰਬਰ ਨੂੰ ਪਾਰ ਕਰ ਲੈਂਦਾ ਹੈ ਜਾਂ ਜੇ ਨਾਮਜ਼ਦ ਵਿਅਕਤੀ ਪਤਨੀ/ਪਤੀ, ਬੱਚਾ ਜਾਂ ਮਾਤਾ-ਪਿਤਾ ਨਹੀਂ ਹੈ, ਤਾਂ ਖਾਤਾ ਧਾਰਕ ਦੇ ਕਾਨੂੰਨੀ ਵਾਰਸਾਂ ਨੂੰ ਐਲ ਆਈ ਸੀ ਦੇ ਦੱਸੇ ਗਏ ਫਾਰਮੇਟ (ਅਨੈਕਸਸ਼ਰ ਸੀ1 ਅਤੇ ਸੀ2 ਵਿੱਚ ਦਿੱਤਾ ਗਿਆ) ਵਿੱਚ ਲੀਗਲ ਏਵੀਡੈਂਸ ਔਫ ਟਾਈਟਲ ਦਾ ਪ੍ਰਬੰਧ ਕਰਨ ਲਈ ਹਰਜਾਨਾ ਬੌਂਡ ਦਰਜ ਕਰਨਾ ਚਾਹੀਦਾ ਹੈ।

9. ਪੂਰਾ ਕੀਤਾ ਦਾਅਵਾ ਫਾਰਮ (ਪਾਰਟ ਏ, ਬੀ ਅਤੇ ਸੀ) ਹੇਠ ਲਿਖੇ ਦਸਤਾਵੇਜ਼ਾਂ ਦੇ ਨਾਲ ਨਜ਼ਦੀਕੀ ਐਲ ਆਈ ਸੀ ਦੇ ਪੀ ਐਂਡ ਜੀ ਐਸ ਯੂਨਿਟ ਨੂੰ ਅੱਗੇ ਭੇਜਣਾ ਹੁੰਦਾ ਹੈ।

a) ਮਰ ਚੁੱਕੇ ਵਿਅਤਕੀ ਦੇ ਮੌਤ ਸਰਟੀਫਿਕੇਟ ਦੀ ਤਸਦੀਕ ਕੀਤੀ ਨਕਲ।

b) ਮਰ ਚੁੱਕੇ ਵਿਅਕਤੀ ਦੇ ਆਧਾਰ ਕਾਰਡ ਦੀ ਤਸਦੀਕ ਕੀਤੀ ਨਕਲ।

c) ਦਾਅਵੇਦਾਰ ਦੇ ਆਧਾਰ ਕਾਰਡ ਦੀ ਤਸਦੀਕ ਕੀਤੀ ਨਕਲ।

ਸਾਡੇ ਪੀ ਐਂਡ ਜੀ ਐਸ ਯੂਨਿਟ ਵਿੱਚ ਉੱਪਰ ਉਲੇਖ ਕੀਤੇ ਸਾਰੇ ਦਸਤਾਵੇਜ਼ਾਂ ਦੇ ਨਾਲ ਦਾਅਵਾ ਫਾਰਮ ਨੂੰ ਪ੍ਰਾਪਤ ਕਰਨ ਉੱਤੇ, ਪੀ ਐਂਡ ਜੀ ਐਸ ਯੂਨਿਟ ਆਧਾਰ ਨਾਲ ਜੁੜੇ ਬੈਂਕ ਖਾਤੇ ਵਿੱਚ ਮੌਤ ਦਾਅਵੇ ਦੀਆਂ ਰਕਮਾਂ ਨੂੰ ਕ੍ਰੈਡਿਟ ਕਰਕੇ ਨਾਮਜ਼ਦ ਵਿਅਕਤੀ/ਕਾਨੂੰਨੀ ਵਾਰਸਾਂ ਦੇ ਹਿੱਤ ਵਿੱਚ ਦਾਅਵੇ ਨੂੰ ਨਿਪਟਾਏਗਾ, ਜੋ ਪਾਤਰਤਾ ਦੇ ਅਧੀਨ ਹੈ।

I. <u>ਦਾਅਵੇ ਦੀ ਖ਼ਬਰ ਪ੍ਰਾਪਤ ਹੋਣ ਉੱਤੇ ਐਲ ਆਈ ਸੀ ਦੁਆਰਾ ਪਾਲਣ ਕੀਤੀ ਜਾਣ ਵਾਲੀ ਕਾਰਜਵਿਧੀ</u>

ਬੈਂਕਾਂ ਵਲੋਂ ਦਾਅਵਾਂ ਫਾਰਮ ਪ੍ਰਾਪਤ ਕਰਨ ਉੱਤੇ, ਜ਼ਰੂਰੀ ਅੰਦਰੂਨੀ ਕਾਰਜਵਿਧੀ ਕਰ ਲੈਣ ਤੋਂ ਬਾਅਦ, ਪੀ ਐਂਡ ਜੀ ਐਸ ਯੂਨਿਟ ਦਾ ਉਪਯੋਗਕਤਾ ਹੇਠ ਲਿਖੇ ਕਦਮ ਪੁੱਟੇਗਾ:

1. ਤਸਦੀਕ ਕਿ ਦਾਅਵਾ ਫਾਰਮ ਹਰ ਪੱਖ ਤੋਂ ਭਰਿਆ ਗਿਆ ਹੈ ਅਤੇ ਮਰ ਚੁੱਕੇ ਵਿਅਕਤੀ ਨੇ ਬੈਂਕ ਦੁਆਰਾ ਦਰਜ ਕੀਤੇ ਦਸਤਾਵੇਜ਼ਾਂ ਦੇ ਆਧਾਰ ਉੱਤੇ ਪਾਤਰਤਾ ਮਾਨਦੰਡ ਪੂਰੇ ਕੀਤੇ ਹਨ।

2. ਜੇ ਦਾਅਵਾ ਕਿਸੇ ਹੋਰ ਤਰ੍ਹਾਂ ਭੁਗਤਾਨ ਯੋਗ ਹੁੰਦਾ ਹੈ ਤਾਂ ਉਪਯੋਗਕਰਤਾ ਪੀ ਐਮ ਜੇ ਡੀ ਵਾਈ (ਪ੍ਰਧਾਨ ਮੰਤਰੀ ਜਨ ਧਨ ਯੋਜਨਾ) ਲਈ ਦਾਅਵੇ ਦੇ ਮਾਡਯੂਲ ਵਿੱਚ ਲੌਗ ਇਨ ਕਰੇਗਾ। ਸਬੰਧਤ ਡੇਟਾ ਮਾਡਯੂਲ ਵਿੱਚ ਦਾਖ਼ਲ ਕੀਤਾ ਜਾਵੇਗਾ।

3. ਮਾਡਯੂਲ ਦੋ ਪਹਿਲੂਆਂ ਦੀ ਜਾਂਚ ਕਰਨ ਲਈ ਸਿਸਟਮ ਦੇ ਅੰਦਰ ਸਵਾਲ ਪੈਦਾ ਕਰੇਗਾ

    a) ਜੇ ਸਮਾਨ ਜੀਵਨ ਉੱਤੇ ਇਕ ਤੋਂ ਵੱਧ ਮੌਕੇ ਉੱਤੇ ਦਾਅਵੇ ਦੇ ਭੁਗਤਾਨ ਤੋਂ ਬਚਣ ਲਈ ਦਾਅਵੇ ਦਾ ਭੁਗਤਾਨ ਸਮਾਨ ਜੀਵਨ ਉੱਤੇ ਪਹਿਲੇ ਹੀ ਕਰ ਦਿੱਤਾ ਗਿਆ ਹੈ।

    b) ਕੀ ਮਰੇ ਵਿਅਕਤੀ ਨੂੰ ਆਮ ਆਦਮੀ ਬੀਮਾ ਯੋਜਨਾ ਦੇ ਤਹਿਤ ਕਵਰ ਕੀਤਾ ਗਿਆ ਹੈ।

4. ਸਵਾਲ ਦੋ ਡੇਟਾਬੇਸਿਸ ਤੋਂ ਆਉਟਪੁੱਟ ਪੈਦਾ ਕਰੇਗਾ ਜੋ ਜਾਂ ਤਾ ਸਕਾਰਾਤਮਕ ਹੋਵੇਗਾ ਜਾਂ ਨਕਾਰਾਤਮਕ।

5. ਜੇ ਆਉਟਪੁੱਟ ਸਕਾਰਾਤਮਕ ਹੈ ਤਾਂ ਰਿਕਾਰਡਾਂ ਦੀ ਸੂਚੀ ਉਪਯੋਗਕਰਤਾ ਦੁਆਰਾ ਤਸਦੀਕੀ ਵਾਸਤੇ ਮਾਡਯੂਲ ਦੁਆਰਾ ਪੈਦਾ ਕੀਤੀ ਜਾਵੇਗੀ। ਚੰਗੀ ਤਰ੍ਹਾਂ ਹੱਥੀ ਤਸਦੀਕੀ ਕਰਨ ਤੋਂ ਬਾਅਦ, ਜੇ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਸਮਾਨ ਜੀਵਨ ਉੱਤੇ ਦਾਅਵੇ ਦਾ ਭੁਗਤਾਨ ਪਹਿਲੇ ਨਹੀਂ ਕੀਤਾ ਗਿਆ ਹੈ ਜਾਂ ਮਰੇ ਵਿਅਕਤੀ ਨੂੰ ਏ ਏ ਬੀ ਵਾਈ ਦੇ ਤਹਿਤ ਕਵਰ ਨਹੀਂ ਕੀਤਾ ਗਿਆ ਹੈ ਤਾਂ ਇਸ ਨੂੰ ਸੂਪਰਵਾਈਜ਼ਰ ਦੁਆਰਾ ਪ੍ਰਮਾਣਿਤ ਕੀਤਾ ਜਾਵੇ। ਸੂਪਰਵਾਈਜ਼ਰ ਵਲੋਂ ਪ੍ਰਮਾਣਿਕਤਾ ਤੋਂ ਬਾਅਦ, ਉਪਯੋਗਕਰਤਾ ਦਾਅਵੇ ਦੇ ਨਿਪਟਾਰੇ ਨਾਲ ਅੱਗੇ ਵੱਧ ਸਕਦਾ ਹੈ।

6. ਉਪਰੋਕਤ ਕਿਰਿਆ ਪੀ ਐਮ ਜੇ ਡੀ ਵਾਈ ਅਤੇ ਏ ਏ ਬੀ ਵਾਈ ਦੇ ਤਹਿਤ ਵੱਧ ਤੋਂ ਵੱਧ ਸੰਭਵ ਹੱਦ ਤੱਕ ਡੁਪਲੀਕੇਟ ਦਾਅਵੇ ਦੇ ਗੈਰ-ਭੁਗਤਾਨ ਨੂੰ ਯਕੀਨੀ ਬਣਾਵੇਗੀ। ਮਰ ਚੁੱਕੇ ਵਿਅਕਤੀ ਦੇ ਨਾਲ ਦਾਅਵੇਦਾਰ ਦੇ ਆਧਾਰ ਕਾਰਡ ਨੰਬਰ ਨੂੰ ਡੀ-ਡੁਪਲੀਕੇਸ਼ਨ (ਦੁਹਰਾਵ ਹਟਾਉਣ) ਉਦੇਸ਼ ਲਈ ਵੀ ਵਰਤਿਆ ਜਾਵੇਗਾ।

7. ਜੇ ਆਉਟਪੁੱਟ ਨੈਗੇਟਿਵ ਹੁੰਦਾ ਹੈ ਤਾਂ ਮਾਡਯੂਲ ਉਪਯੋਗਕਰਤਾ ਨੂੰ ਦਾਅਵੇ ਦੇ ਨਿਪਟਾਰੇ ਨਾਲ ਅੱਗੇ ਵਧਣ ਦੀ ਇਜਾਜ਼ਤ ਦਏਗਾ।

ਦਾਅਵੇ ਦੇ ਭੁਗਤਾਨ ਦੇ ਰਜਿਸਟਰਾਂ ਅਤੇ ਰਿਕਾਰਡਾਂ ਨੂੰ ਏ ਏ ਬੀ ਵਾਈ ਦਾਅਵਿਆਂ ਲਈ ਰਜਿਸਟਰਾਂ ਦੇ ਮਾਮਲੇ ਵਿੱਚ ਸਮਾਨ ਰੂਪ ਵਿੱਚ ਕਾਇਮ ਰੱਖਿਆ ਜਾਵੇਗਾ। ਕਿਉਂਕਿ ਡੀ ਏ ਬੀ ਅਤੇ ਅਪੰਗਤਾ ਫਾਇਦੇ ਪੀ ਐਮ ਜੇ ਡੀ ਵਾਈ ਦੇ ਤਹਿਤ ਭੁਗਤਾਨ ਯੋਗ ਨਹੀਂ ਹੁੰਦੇ ਹਨ ਤਾਂ ਸਬੰਧਤ ਖਾਨੇ ਛੱਡਣੇ ਹੁੰਦੇ ਹਨ।

J. ਦਾਅਵਾ ਫਾਰਮ ਇੱਥੋਂ ਡਾਉਨਲੋਡ ਕੀਤਾ ਜਾ ਸਕਦਾ ਹੈ www.licindia.in, www.iba.org.in, http://financialservices.gov.in, www.nic.in.

K. <u>ਅਨੈਕਸਸ਼ਰ ਦੀ ਸੂਚੀ</u>

| | | |
|---|---|---|
| ਅਨੈਕਸਸ਼ਰ ਏ | - | ਆਮ ਆਦਮੀ ਬੀਮਾ ਯੋਜਨਾ ਦੇ ਤਹਿਤ 48 ਪੇਸ਼ਿਆਂ ਦੀ ਸੂਚੀ |
| ਅਨੈਕਸਸ਼ਰ ਬੀ | - | ਐਲ ਆਈ ਸੀ ਦਾ ਦਾਅਵਾ ਫਾਰਮ-ਕਮ-ਡਿਸਚਾਰਜ ਰਸੀਦ। |
| ਅਨੈਕਸਸ਼ਰ ਸੀ1 | - | ਲੀਗਲ ਏਵੀਡੈਂਸ ਔਫ ਟਾਈਟਲ ਤੋਂ ਬਗੈਰ ਕੰਮ ਕਰਨ ਲਈ ਅਰਜ਼ੀ ਦੀ ਕਿਸਮ। |
| ਅਨੈਕਸਸ਼ਰ ਸੀ2 | - | ਲੀਗਲ ਏਵੀਡੈਂਸ ਔਫ ਟਾਈਟਲ ਤੋਂ ਬਗੈਰ ਕੰਮ ਕਰਨ ਲਈ ਇਮਡੇਮਨਿਟੀ ਬੌਂਡ ਦਾ ਐਲ ਆਈ ਸੀ ਫਾਰਮੈਟ |
| ਅਨੈਕਸਸ਼ਰ ਡੀ | - | ਦਾਅਵਾ ਫਾਰਮਾਂ ਨੂੰ ਦਰਜ ਕਰਨ ਲਈ ਪੀ ਐਂਡ ਜੀ ਐਸ ਯੂਨਿਟਾਂ ਦੀ ਸੂਚੀ। |